Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਦੇ ਹਾਲਾਤ ਅਤੇ ਕਿੱਸੇ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 21 ਜੁਲਾਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਬਦਰ ਮਗਰੋਂ ਕੈਦੀਆਂ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਚੰਗੇ ਸਲੂਕ ਬਾਰੇ ਤਬਕਾਤ ਇਬਨੇ ਸਈਦ ਵਿਚੱ ਦਰਜ ਹੈ ਕਿ ਜਦੱ ਬਦਰ ਦੇ ਕੈਦੀ ਆਏ ਤਾਂ ਉਹਨਾਂ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਚਾਚਾ ਹਜ਼ਰਤ ਅੱਬਾਸ ਰਜ਼ੀ ਅੱਲਾਹ ਅੰਨਹੋ ਵੀ ਸਨ। ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਉਸ ਰਾਤ ਨੀਂਦਰ ਨ ਆਈ। ਕਿਸੇ ਸਹਾਬੀ ਨੇ ਪੁਛਿੱਆ ਕਿ ਹੇ ਅੱਲਾਹ ਦੇ ਨਬੀ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਕਿਸ ਗਲੱ ਨੇ ਸੌਣ ਨਹੀਂ ਦਿੱਤਾ ? ਫ਼ਰਮਾਇਆ ! ਅੱਬਾਸ ਦੀ ਆਵਾਜ਼ ਨੇ, ਤਦੱ ਇਕੱ ਆਦਮੀ ਗਿਆ ਅਤੇ ਉਸ ਨੇ ਆਪ ਰਜ਼ੀ ਅੱਲਾਹ ਅੰਨਹੋ ਦੀਆਂ ਰਸਿੱਆਂ ਢਿੱਲ੍ਹੀਆਂ ਕਰ ਦਿੱਤੀਆਂ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਕੀ ਗਲੱ ਹੈ, ਮੈਂ ਅੱਬਾਸ ਦੀ ਆਵਾਜ਼ ਨਹੀਂ ਸੁਣ ਰਿਹਾ ? ਤਦੱ ਕਿਸੇ ਨੇ ਕਿਹਾ ਕਿ ਉਸ ਨੇ ਆਪ ਰਜ਼ੀ ਅੱਲਾਹ ਅੰਨਹੋ ਦੀਆਂ ਰਸਿੱਆਂ ਢਿੱਲ੍ਹੀਆਂ ਕਰ ਦਿੱਤੀਆਂ ਹਨ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਫ਼ਿਰ ਸਾਰੇ ਕੈਦੀਆਂ ਨਾਲ ਇੰਝ ਹੀ ਕਰੋ।

ਸੀਰਤ ਖ਼ਾਤਮੁੰਨਬੀਯੀਨ ਸਲੱਲਾਹੋ ਅਲੈਹਿ ਵਸਲੱਮ ਵਿਚੱ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਨੇ ਲਿਖਿੱਆ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਮੁਸਲਮਾਨਾਂ ਨੂੰ ਆਦੇਸ਼ ਦਿੱਤਾ ਕਿ ਕੈਦੀਆਂ ਨਾਲ ਨਰਮੀ ਅਤੇ ਰਹਿਮ ਦਾ ਸਲੂਕ ਕਰਨ ਅਤੇ ਉਹਨਾਂ ਦੇ ਆਰਾਮ ਦਾ ਖ਼ਿਆਲ ਰਖੱਣ। ਸਹਾਬਾ ਰਜ਼ੀ ਅੱਲਾਹ ਅੰਨਹੋ ਨੇ ਜਿਨ੍ਹਾਂ ਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਹਰ ਇੱਛਾ ਦੇ ਪੂਰਾ ਕਰਨ ਦਾ ਇਸ਼ਕ ਸੀ। ਆਪ ਸਲੱਲਾਹੋ ਅਲੈਹਿ ਵਸਲੱਮ ਦੀ ਇਸ

ਨਸੀਹਤ ਉੱਤੇ ਇਸ ਖ਼ੂਬੀ ਨਾਲ ਅਮਲ ਕੀਤਾ ਕਿ ਸੰਸਾਰ ਦੀ ਤਾਰੀਖ਼ ਵਿਚੱ ਉਸ ਦੀ ਮਿਸਾਲ ਨਹੀਂ ਮਿਲਦੀ ।

ਸਰ ਵਿਲਿਅਮ ਮਿਓਰ ਨੇ ਕੈਦੀਆਂ ਨਾਲ ਇਸ ਰਹਿਮ ਭਰਪੂਰ ਸਲੂਕ ਦਾ ਹੇਠ ਲਿੱਖੇ ਸ਼ਬਦਾਂ ਵਿਚੱ ਜ਼ਿਕਰ ਕੀਤਾ ਹੈ :

ਮੁਹੰਮਦ (ਸਲੱਲਾਹੋ ਅਲੈਹਿ ਵਸਲੱਮ) ਦੀ ਹਦਾਯਤ ਦੇ ਹੇਠਾਂ ਅੰਨਸਾਰ ਅਤੇ ਮੁਹਾਜਿਰਾਂ ਨੇ ਕੁੱਫ਼ਾਰ ਦੇ ਕੈਦੀਆਂ ਨਾਲ ਬਹੁਤ ਪਿਆਰ ਅਤੇ ਰਹਿਮ ਦਾ ਸਲੂਕ ਕੀਤਾ । ਸੋ, ਕੁਝੱ ਕੈਦੀਆਂ ਦੀ ਆਪਣੀ ਗਵਾਹੀ ਤਾਰੀਖ਼ ਵਿਚੱ ਇਹਨਾਂ ਸ਼ਬਦਾਂ ਵਿਚੱ ਅੰਕਿਤ ਹੈ ਕਿ ਰਬੱ ਭਲਾ ਕਰੇ ਮਦੀਨਾ ਵਾਲਿਆਂ ਦਾ, ਉਹ ਸਾਨੂੰ ਸਵਾਰ ਕਰਦੇ ਅਤੇ ਆਪ ਪੈਦਲ ਤੁਰਦੇ । ਸਾਨੂੰ ਕਣਕ ਦੀ ਪੱਕੀ ਰੋਟੀ ਦਿੰਦੇ ਅਤੇ ਆਪ ਕੇਵਲ ਖਜੂਰ ਖਾ ਕੇ ਪਏ ਰਹਿੰਦੇ । ਸਾਨੂੰ ਇਹ ਜਾਣ ਕੇ ਹੈਰਾਨੀ ਨਹੀਂ ਕਿ ਕੁਝੱ ਕੈਦੀ ਇਸ ਨੇਕ ਸਲੂਕ ਕਰਕੇ ਮੁਸਲਮਾਨ ਹੋ ਗਏ ਅਤੇ ਅਜਿਹੇ ਲੋਕਾਂ ਨੂੰ ਜਲਦੀ ਆਜ਼ਾਦ ਕਰ ਦਿੱਤਾ ਗਿਆ । ਜੋ ਕੈਦੀ ਮੁਸਲਮਾਨ ਨਹੀਂ ਹੋਏ, ਉਹਨਾਂ ਉੱਤੇ ਵੀ ਇਸ ਨੇਕ ਸਲੂਕ ਦਾ ਬਹੁਤ ਪ੍ਰਭਾਵ ਸੀ ।

ਜੰਗੇ ਬਦਰ ਅਤੇ ਉਸ ਦੇ ਪ੍ਰਭਾਵ ਬਾਰੇ ਲਿਖਿੱਆ ਹੈ ਕਿ ਜਦੱ ਫ਼ਤਹਿ ਬਦਰ ਦੀ ਖ਼ੁਸ਼ਖ਼ਬਰੀ ਲੈ ਕੇ ਅਬਦੁੱਲਾਹ ਬਿਨ ਰਵਾਹ ਰਜ਼ੀ ਅੱਲਾਹ ਅੰਨਹੋ ਅਤੇ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਮਦੀਨਾ ਪਹੁੰਚੇ ਤਾਂ ਉਹਨਾਂ ਦੇ ਮੂੰਹੋਂ ਫ਼ਤਹਿ ਦੀ ਖ਼ੁਸ਼ਖ਼ਬਰੀ ਦਾ ਐਲਾਨ ਸੁਣ ਕੇ ਰਬੱ ਦਾ ਵਿਰੋਧੀ ਕਅਬ ਬਿਨ ਅਸ਼ਰਫ਼ ਯਹੂਦੀ ਕਹਿਣ ਲਗਿੱਆ : ਜੇਕਰ ਮੁੰਹਮਦ (ਸਲੱਲਾਹੋ ਅਲੈਹਿ ਵਸਲੱਮ) ਨੇ ਉਹਨਾਂ ਵੱਡੇ ਵੱਡੇ ਰਈਸਾਂ ਨੂੰ ਮਾਰ ਦਿੱਤਾ ਹੈ ਤਾਂ ਜ਼ਮੀਨ ਦੇ ਉੱਤੇ ਰਹਿਣ ਨਾਲੋਂ, ਜ਼ਮੀਨ ਦੇ ਹੇਠਾਂ ਰਹਿਣਾ ਚੰਗਾ ਹੈ (ਅਰਥਾਤ ਜ਼ਿੰਦਗੀ ਨਾਲੋਂ ਮੌਤ ਚੰਗੀ ਹੈ) ।

ਮੌਲਾਨਾ ਸ਼ਿਬਲੀ ਨੌਮਾਨੀ ਆਪਣੀ ਕਿਤਾਬ ਵਿਚੱ ਗ਼ਜ਼ਵਾਹ ਬਦਰ ਦੇ ਨਤੀਜੇ ਬਿਆਨ ਕਰਦੇ ਹੋਏ ਲਿਖੱਦੇ ਹਨ ਕਿ ਗ਼ਜ਼ਵਾਹ ਬਦਰ ਨੇ ਧਰਮ ਦੇ ਅਤੇ ਮੁਲਕ ਦੇ ਹਾਲਾਤਾਂ ਉੱਤੇ ਪ੍ਰਭਾਵ ਪਾਏ ਅਤੇ ਹਕੀਕਤ ਵਿਚੱ ਇਹ ਇਸਲਾਮ ਦੀ ਤਰੱਕੀ ਦਾ ਪਹਿਲਾ ਕਦਮ ਸੀ । ਕੁਰੈਸ਼ ਦੇ ਸਾਰੇ ਵੱਡੇ ਵੱਡੇ ਰਈਸ ਜਿਨ੍ਹਾਂ ਵਿੱਚੋਂ ਹਰ ਇਕੱ ਇਸਲਾਮ ਦੀ ਤਰੱਕੀ ਦੀ ਰਾਹ ਵਿਚੱ ਰੁਕਾਵਟ ਸੀ, ਫ਼ਨਾ ਹੋ ਗਿਆ ।

ਅਤੱਬਾ ਅਤੇ ਅਬੂ ਜਹਲ ਦੀ ਮੌਤ ਨੇ ਅਬੂ ਸੁਫ਼ਯਾਨ ਨੂੰ ਕੁਰੈਸ਼ ਦਾ ਸਰਦਾਰ ਬਣਾ ਦਿੱਤਾ । ਮਦੀਨਾ ਵਿਚੱ ਹੁਣ ਤਕੱ ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਐਲਾਨੀਆ ਕਾਫ਼ਰ ਸੀ । ਪਰ ਹੁਣ ਉਹ ਵਿਖਾਵੇ ਲਈ ਮੁਸਲਮਾਨ ਹੋ ਗਿਆ । ਭਾਵੇਂ ਸਾਰੀ ਜ਼ਿੰਦਗੀ ਮੁਨਾਫ਼ਿਕ ਰਿਹਾ ਅਤੇ ਇਸੇ ਹਾਲਤ ਵਿਚੱ ਆਪਣੀ ਜਾਨ ਦਿੱਤੀ । ਇਸ ਸਪਸ਼ਟ ਫ਼ਤਹਿ ਨੇ ਕੁੱਫ਼ਾਰ ਵਿਚੱ ਈਰਖਾ ਦੀ ਅਗੱ ਵਧਾ ਦਿੱਤੀ ਅਤੇ ਉਹ ਉਸ ਨੂੰ ਰੋਕ ਨ ਸਕੇ । ਕੁਰੈਸ਼ ਨੂੰ ਪਹਿਲਾਂ ਕੇਵਲ ਹਜ਼ਰਮੀ ਦਾ ਰੋਣਾ ਸੀ । ਬਦਰ ਮਗਰੋਂ ਹਰ ਘਰ ਵਿਚੱ ਮਾਤਮ ਸੀ ਅਤੇ ਬਦਰ ਵਿਚੱ ਕਤਲ ਹੋਣ ਵਾਲਿਆਂ ਦੇ ਬਦਲੇ ਲਈ ਮੱਕੇ ਦਾ ਬੱਚਾ ਬੱਚਾ ਤਿਆਰ ਸੀ । ਸੋ, ਸੁਵੈਕ ਦਾ ਕਿੱਸਾ ਅਤੇ ਓਹਦ ਦੀ ਜੰਗ ਇਸੇ ਜੋਸ਼ ਦਾ ਪ੍ਰਕਟਾਵਾ ਸੀ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਜੰਗੇ ਬਦਰ ਦਾ ਪ੍ਰਭਾਵ ਕੁੱਫ਼ਾਰ ਅਤੇ ਮੁਸਲਮਾਨਾਂ ਦੋਵਾਂ ਲਈ ਬਹੁਤ ਡੂੰਗਾ ਅਤੇ ਲੰਮੇ ਸਮੇਂ ਤਕੱ ਰਹਿਣ ਵਾਲਾ ਹੋਇਆ ਅਤੇ ਇਸੇ ਲਈ ਇਸਲਾਮੀ ਤਾਰੀਖ਼ ਵਿਚੱ ਇਸ ਜੰਗ ਨੂੰ ਖ਼ਾਸ ਮਹਤੱਤਾ ਪ੍ਰਾਪਤ ਹੈ। ਇੱਥੇ ਤਕੱ ਕਿ ਕੁਰਆਨੇ ਸ਼ਰੀਫ਼ ਵਿਚੱ ਇਸ ਜੰਗ ਦਾ ਨਾਂ " ਯੋਮ-ਉਲੱ-ਫ਼ੁਰਕਾਨ " ਰਖਿੱਆ ਗਿਆ। ਅਰਥਾਤ ਉਹ ਦਿਨ ਜਦੱ ਕਿ ਇਸਲਾਮ ਅਤੇ ਕੁਫ਼ਰ ਵਿਚੱ ਇਕੱ ਖੁੱਲਾ ਖੁੱਲ੍ਹਾ ਫ਼ੈਸਲਾ ਹੋ ਗਿਆ। ਬੇਸ਼ਕੱ ਜੰਗੇ ਬਦਰ ਮਗਰੋਂ ਵੀ ਕੁਰੈਸ਼ ਅਤੇ ਮੁਸਲਮਾਨਾਂ ਦੀ ਆਪਸੀ ਅਤੇ ਬਹੁਤ ਸਖ਼ਤ ਲੜਾਈਆਂ ਹੋਇਆਂ ਅਤੇ ਮੁਸਲਮਾਨਾਂ ਉੱਤੇ ਕਮਜ਼ੋਰ ਮੌਕੇ ਵੀ ਆਏ। ਪਰ ਜੰਗੇ ਬਦਰ ਵਿਚੱ ਕੁੱਫ਼ਾਰ ਦੀ ਰੀੜ੍ਹ ਦੀ ਹੱਡੀ ਟੁਟੱ ਚੁੱਕੀ ਸੀ। ਜਿਸ ਨੂੰ ਬਾਦ ਦਾ ਕੋਈ ਅਮਲ ਸਦੇਵੀਂ ਤੌਰ ਉੱਤੇ ਠੀਕ ਨ ਕਰ ਸਕਿਆ। ਕਤਲ ਹੋਣ ਵਾਲਿਆਂ ਦੇ ਹਿਸਾਬ ਨਾਲ ਬੇਸ਼ਕੱ ਇਹ ਕੋਈ ਵੱਡੀ ਜੰਗ ਨਹੀਂ ਸੀ। ਕੁਰੈਸ਼ ਵਰਗੀ ਕੌਮ ਵਿਚੱ ਸਤੱਰ ਸਿਪਾਹੀਆਂ ਦਾ ਮਾਰਾ ਜਾਣਾ। ਕਦੇ ਵੀ ਕੌਮੀ ਤਬਾਹੀ ਨਹੀਂ ਅਖਵਾ ਸਕਦਾ। ਫ਼ਿਰ ਉਹ ਕੀ ਗਲੱ੍ ਸੀ ਕਿ ਜੰਗੇ ਬਦਰ ਯੋਮ-ਉਲੱ-ਫ਼ੁਰਕਾਨ ਅਖਵਾਈ ? ਇਸ ਪ੍ਰਸ਼ਨ ਦੇ ਉਤੱਰ ਵਿਚੱ ਸ਼ਾਨਦਾਰ ਸ਼ਬਦ ਉਹ ਹਨ, ਜੋ ਕੁਰਆਨੇ ਸ਼ਰੀਫ਼ ਵਿਚੱ ਬਿਆਨ ਹੋਏ ਅਤੇ ਉਹ ਇਹ ਹਨ ਕਿ يَقْطَعَ دَابِرَ الْكَافِرِينَ ਸੱਚੋ ਸੱਚੀ ਉਸ ਦਿਨ ਕੁੱਫ਼ਾਰ ਦੀ ਜੜ ਕਟੱ ਗਈ। ਅਤੱਬਾ ਅਤੇ ਸ਼ੈਬਾਹ ਅਤੇ ਉਮੱਯਾ ਬਿਨ ਅਬੀ ਮੁਈਤ ਅਤੇ ਨਜ਼ਰ ਬਿਨ ਹਾਰਸ ਆਦਿ ਕੁਰੈਸ਼ ਦੀ ਕੌਮੀ ਜ਼ਿੰਦਗੀ ਨੂੰ ਚਲਾਉਣ ਵਾਲੇ ਸਨ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਵੀ ਇਸ ਬਾਰੇ ਲਿਖਿੱਆ ਹੈ ਕਿ ਇਸ ਵਿਚੱ ਕੋਈ ਸ਼ਕੱ ਨਹੀਂ ਕਿ ਮੁਸਲਮਾਨਾਂ ਉੱਤੇ ਇਸ ਮਗਰੋਂ ਵੀ ਜ਼ੁਲਮ ਹੁੰਦੇ ਰਹੇ ਅਤੇ ਉਹਨਾਂ ਨੂੰ ਕੁੱਫ਼ਾਰਾਂ ਨਾਲ ਲੜਾਈਆਂ ਲੜਣੀਆਂ ਪਈਆਂ। ਪਰ ਇਸ ਵਿਚੱ ਵੀ ਕੋਈ ਸ਼ਕੱ ਨਹੀਂ ਕਿ ਜੰਗੇ ਬਦਰ ਨੇ ਕੁੱਫ਼ਾਰ ਦੀ ਤਾਕਤ ਨੂੰ ਬਿਲਕੁਲੱ ਖ਼ਤਮ ਕਰ ਦਿੱਤਾ ਸੀ ਅਤੇ ਮੁਸਲਮਾਨਾਂ ਦੀ ਤਾਕਤ ਉਨ੍ਹਾਂ ਉੱਤੇ ਪ੍ਰਕਟ ਹੋ ਗਈ ਸੀ। ਜੰਗੇ ਬਦਰ ਜਿਸ ਨੂੰ ਕੁਰਆਨੇ ਸ਼ਰੀਫ਼ ਨੇ ਫ਼ੁਰਕਾਨ ਕਰਾਰ ਦਿੱਤਾ। ਉਸ ਬਾਰੇ ਬਾਈਬਲ ਵਿਚੱ ਵੀ ਭਵਿਖੱਬਾਣੀ ਪਾਈ ਜਾਂਦੀ ਹੈ। ਇੰਝ ਹੀ ਕੁਰਆਨੇ ਸ਼ਰੀਫ਼ ਨੇ ਇਕੱ 11 ਵੀਂ ਰਾਤ ਦੀ ਖ਼ਬਰ ਦੇ ਕੇ ਇਹ ਭਵਿਖੱਬਾਣੀ ਕੀਤੀ ਸੀ ਕਿ ਹਿਜਰਤ ਦੇ ਪੂਰੇ ਇਕੱ ਸਾਲ ਬਾਦ ਕੁੱਫ਼ਾਰ ਦੀ ਸਾਰੀ ਤਾਕਤ ਟੁਟੱ ਜਾਵੇਗੀ ਅਤੇ ਮੁਸਲਮਾਨਾਂ ਲਈ ਫ਼ਤਹਿ ਅਤੇ ਜਿਤੱ ਦੀ ਸਵੈਰ ਪ੍ਰਕਟ ਹੋ ਜਾਵੇਗੀ। ਸੋ, ਇਕੱ ਸਾਲ ਬਾਦ ਜੰਗੇ ਬਦਰ ਹੋਈ। ਜਿਸ ਵਿਚੱ ਕੁੱਫ਼ਾਰ ਦੇ ਵੱਡੇ ਵੱਡੇ ਸਰਦਾਰ ਮਾਰੇ ਗਏ ਅਤੇ ਮੁਸਲਮਾਨਾਂ ਨੂੰ ਉਹਨਾਂ ਉੱਤੇ ਵੱਡੀ ਜਿਤੱ ਪ੍ਰਾਪਤ ਹੋਈ। ਬਦਰੀ ਸਹਾਬੀਆਂ ਰਜ਼ੀ ਅੱਲਾਹ ਅੰਨਹੁਮਾ ਦੀ ਮਹਤੱਤਾ ਅਤੇ ਵਡਿੱਆਈ ਦਾ ਅੰਦਾਜ਼ਾ ਇਸ ਨਾਲ ਵੀ ਹੋ ਸਕਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਉਮੱਤ ਵਿਚੱ ਆਉਣ ਵਾਲੇ ਮਹਦੀ ਦੀ ਇਕੱ ਨਿਸ਼ਾਨੀ ਕਰਾਰ ਦਿੱਤੀ ਕਿ ਉਸ ਕੋਲ੍ਹ ਵੀ ਇਕੱ ਕਿਤਾਬ ਹੋਵੇਗੀ। ਜਿਸ ਵਿਚੱ ਬਦਰ ਦੇ ਸਹਾਬਿਆਂ ਦੀ ਗਿਣਤੀ ਅਨੁਸਾਰ 313 ਸਹਾਬੀਆਂ ਦੇ ਨਾਂ ਹੋਣਗੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਕਿਉਂਕਿ ਸਹੀ ਹਦੀਸ ਵਿਚੱ ਆ ਚੁਕਿੱਆ ਹੈ ਕਿ ਮਹਦੀ ਮਾਹੂਦ ਦੇ ਕੋਲ੍ਹ ਇਕੱ ਛੱਪੀ ਹੋਈ ਕਿਤਾਬ ਹੋਵੇਗੀ। ਜਿਸ ਵਿਚੱ ਉਸ ਦੇ 313 ਸਹਾਬੀਆਂ ਦੇ ਨਾਂ ਦਰਜ ਹੋਣਗੇ। ਇਸੇ ਲਈ ਇਹ ਬਿਆਨ ਕਰਨਾ ਜ਼ਰੂਰ ਹੈ ਕਿ ਉਹ ਭਵਿਖੱਬਾਣੀ ਅਜੱ ਪੂਰੀ ਹੋ ਗਈ। ਇਹ ਤਾਂ ਪ੍ਰਕਟ ਹੈ ਕਿ ਇਸ ਤੋਂ ਪਹਿਲਾਂ ਇਸ ਮੁਰਦਾ ਉਮੱਤ ਵਿਚੱ ਕੋਈ ਅਜਿਹਾ ਆਦਮੀ ਪੈਦਾ ਨਹੀਂ ਹੋਇਆ ਕਿ ਜੋ ਮਹਦੀ ਹੋਣ ਦਾ ਦਾਅਵਾ ਕਰਨ ਵਾਲਾ ਹੋਵੇ ਅਤੇ ਉਸ ਦੇ ਸਮੇਂ ਵਿਚੱ ਛਾਪਾ ਖਾਨਾ ਵੀ ਹੋਵੇ ਅਤੇ ਉਸ ਕੋਲ੍ਹ ਇਕੱ ਕਿਤਾਬ ਵੀ ਹੋਵੇ। ਜਿਸ ਵਿਚੱ 313 ਨਾਂ ਲਿੱਖੇ ਹੋਣ ਅਤੇ ਪ੍ਰਕਟ ਹੈ ਕਿ ਜੇਕਰ ਇਹ ਕੰਮ ਮਨੁਖੱ ਦੇ ਹਥੱ ਵਿਚੱ ਹੁੰਦਾ ਤਾਂ ਇਸ ਤੋਂ ਪਹਿਲਾਂ ਕਈ ਝੂੱਠੇ ਇਸ ਨੂੰ ਆਪਣੇ ਨਾਲ ਜੋੜ੍ਹ ਚੁੱਕੇ ਹੁੰਦੇ।

ਸ਼ੈਖ਼ ਅਲੀ ਹਮਜ਼ਾ ਬਿਨ ਅਲੀ ਮਲਿਕੁਤੂੱਸੀ ਆਪਣੀ ਕਿਤਾਬ ਜਵਾਹਿਰੁਲੱ ਇਸਰਾਰ ਵਿਚੱ ਮਸੀਹ ਮੌਊਦ ਬਾਰੇ ਲਿਖੱਦੇ ਹਨ :

ਮਹਦੀ ਉਸ ਪਿੰਡੋਂ ਨਿਕਲੇਗਾ, ਜਿਸ ਦਾ ਨਾਂ ਕਦਆ ਹੈ। ਫ਼ਿਰ ਫ਼ਰਮਾਇਆ ਕਿ ਰਬੱ ਉਸ ਮਹਦੀ ਦੀ ਤਸਦੀਕ ਕਰੇਗਾ ਅਤੇ ਦੂਰ ਦੂਰ ਤੋਂ ਉਹ ਦੋਸਤ ਜਮਾਂ ਕਰੇਗਾ। ਜਿਨ੍ਹਾਂ ਦੀ ਗਿਣਤੀ ਬਦਰ ਵਾਲਿਆਂ ਦੀ ਗਿਣਤੀ ਦੇ ਬਰਾਬਰ ਹੋਵੇਗੀ, ਅਰਥਾਤ 313 ਹੋਣਗੇ। ਉਨ੍ਹਾਂ ਦੇ ਨਾਂ, ਪਤਾ ਅਤੇ ਖ਼ੂਬੀਆਂ ਛੱਪੀ ਹੋਈ ਕਿਤਾਬ ਵਿਚੱ ਦਰਜ ਹੋਣਗੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਹੁਣ ਪ੍ਰਕਟ ਹੈ ਕਿ ਇਸ ਤੋਂ ਪਹਿਲਾਂ ਕਿਸੇ ਆਦਮੀ ਨੂੰ ਸਹਿਮਤੀ ਨਹੀਂ ਹੋਈ ਕਿ ਉਹ ਮਹਦੀ ਮੌਊਦ ਹੋਣ ਦਾ ਦਾਅਵਾ ਕਰੇ ਅਤੇ ਉਸ ਦੇ ਕੋਲ੍ਹ ਛੱਪੀ ਹੋਈ ਕਿਤਾਬ ਹੋਵੇ। ਜਿਸ ਵਿਚੱ ਉਸ ਦੇ ਦੋਸਤਾਂ ਦੇ ਨਾਂ ਹੋਣ। ਪਰ ਮੈਂ ਇਸ ਤੋਂ ਵੀ ਪਹਿਲਾਂ ਆਇਨਾ ਕਮਾਲਾਤੇ ਇਸਲਾਮ ਵਿਚੱ 313 ਨਾਂ ਦਰਜ ਕਰ ਚੁਕਿੱਆ ਹਾਂ ਅਤੇ ਹੁਣ ਮੁੜ ਹੁਜੱਤ ਲਈ 313 ਨਾਂ (ਰਿਸਾਲਾ ਅੰਜਾਮੇ ਆਥਮ ਵਿਚੱ) ਦਰਜ ਕਰਦਾ ਹਾਂ

ਚੋਦਵੀਂ ਸਦੀ ਉਹੀ ਸਦੀ ਹੈ। ਜਿਸ ਬਾਰੇ ਔਰਤਾਂ ਵੀ ਕਹਿੰਦੀਆਂ ਸਨ ਕਿ ਚੌਦਵੀਂ ਸਦੀ ਖ਼ੈਰ ਅਤੇ ਬਰਕਤ ਦੀ ਆਵੇਗੀ। ਰਬੱ ਦੀ ਗੱਲ੍ਹਾਂ ਪੂਰੀਆਂ ਹੋਇਆਂ ਅਤੇ ਚੌਦਵੀਂ ਸਦੀ ਵਿਚੱ ਰਬੱ ਦੀ ਮਰਜ਼ੀ ਅਨੁਸਾਰ ਅਹਮਦ ਨਾਂ ਦਾ ਬਰੂਜ਼ ਹੋਇਆ ਅਤੇ ਉਹ ਮੈਂ ਹਾਂ। ਜਿਸ ਵਲ੍ਹੱ ਇਸ ਬਦਰ ਦੇ ਕਿੱਸੇ ਵਿਚੱ ਭਵਿਖੱਬਾਣੀ ਸੀ। ਜਿਸ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸਲਾਮ ਕਿਹਾ। ਪਰ ਅਫ਼ਸੋਸ ਕਿ ਜਦੋਂ ਉਹ ਦਿਨ ਆਇਆ ਅਤੇ ਚੋਦਵੀਂ ਦਾ ਚੰਨ ਨਿਕਲਿਆ ਤਾਂ ਦੁਕਾਨਦਾਰ ਅਤੇ ਸੁਆਰਥੀ ਕਿਹਾ ਗਿਆ। ਅਫ਼ਸੋਸ ! ਉਹਨਾਂ ਉੱਤੇ ਜਿਨ੍ਹਾਂ ਨੇ ਵੇਖ ਕੇ ਵੀ ਨਹੀਂ ਵੇਖਿਆ। ਸਮਾਂ ਪਾਇਆ ਅਤੇ ਨ ਪਛਾਣਿਆ। ਉਹ ਮਰ ਗਏ, ਜੋ ਮੈਂਬਰਾਂ ਉੱਤੇ ਚੜ ਚੜ ਕੇ ਰੋਂਦੇ ਸਨ ਕਿ ਚੌਦਵੀਂ ਸਦੀ ਵਿਚੱ ਇਹ ਹੋਵੇਗਾ ਅਤੇ ਉਹ ਰਹਿ ਗਏ, ਜੋ ਹੁਣ ਮੈਂਬਰਾਂ ਉੱਤੇ ਚੜ ਕੇ ਕਹਿੰਦੇ ਹਨ ਕਿ ਜੋ ਆਇਆ ਹੈ ਉਹ ਝੂੱਠਾ ਹੈ। ਉਹਨਾਂ ਨੂੰ ਕੀ ਹੋ ਗਿਆ। ਉਹ ਕਿਉਂ ਨਹੀਂ ਵੇਖਦੇ ਅਤੇ ਕਿਉਂ ਨਹੀਂ ਸੋਚਦੇ।

ਇਸ ਮਗਰੋਂ ਹਜ਼ੂਰੇ ਅਨਵਰ ਨੇ 17 ਫ਼ਰਵਰੀ 1904 ਈ ਦੀ ਡਾਇਰੀ ਵਿਚੱ ਦਰਜ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਲਹਾਮ " ਜੰਗੇ ਬਦਰ ਦਾ ਕਿੱਸਾ ਨ ਭੁੱਲੋ " ਬਾਰੇ ਫ਼ਰਮਾਇਆ ਕਿ ਰਬੱ ਸਾਡੇ ਵਿਚੱ ਖ਼ਾਸ ਤੌਰ ਉੱਤੇ ਬਦਰ ਦੀ ਮਹਤੱਤਾ ਦੀ ਸਮਝ ਪੈਦਾ ਫ਼ਰਮਾਏ ਅਤੇ ਅਸੀਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਦੇ ਆਉਣ ਨੂੰ ਸਮਝਣ ਵਾਲੇ ਹੋਣ। ਰਬੱ ਕਰੇ ਕਿ ਮੁਸਲਮਾਨ ਵੀ ਇਸ ਬਦਰ ਦੇ ਕਿੱਸੇ ਦੀ ਹਕੀਕਤ ਨੂੰ ਸਮਝਣ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ ਵਿਚੱ ਆਏ ਹੋਏ ਮਸੀਹ ਮੌਊਦ ਅਲੈਹਿ ਸਲਾਮ ਨੂੰ ਪਛਾਣ ਲੈਣ ਤਾਂ ਮੁੜ੍ਹ ਮੁਸਲਮਾਨ ਆਪਣੀ ਖੋਈ ਹੋਈ ਇਜ਼ੱਤ ਨੂੰ ਪ੍ਰਾਪਤ ਕਰਨ ਦੇ ਯੋਗ ਬਣ ਸਕਣ।

ਖ਼ੁਤਬਾ ਸਾਨੀਆ ਤੋਂ ਪਹਿਲਾਂ ਹਜ਼ੂਰੇ ਅਨਵਰ ਨੇ ਬਿਆਨ ਫ਼ਰਮਾਇਆ ਕਿ ਇੰਸ਼ਾ-ਅੱਲਾਹ ਅਗੱਲੇ ਸ਼ੁਕੱਰਵਾਰ ਤੋਂ ਜਮਾਅਤੇ ਅਹਮਦੀਆ ਯੂ.ਕੇ ਦਾ ਜਲਸਾ ਸਾਲਾਨਾ ਸ਼ੁਰੂ ਹੋ ਰਿਹਾ ਹੈ। ਇਸ ਸਾਲ ਤਿੰਨ ਚਾਰ ਸਾਲ ਮਗਰੋਂ ਬਾਹਰ ਤੋਂ ਵੀ ਜਲਸੇ ਵਿਚੱ ਸ਼ਾਮਿਲ ਹੋਣ ਲਈ ਮਹਿਮਾਨ ਆਉਣਗੇ ਸਗੋਂ ਮਹਿਮਾਨ ਆਉਣੇ ਸ਼ੁਰੂ ਹੋ ਗਏ ਹਨ। ਰਬੱ ਉਹਨਾਂ ਸਭ ਸਫ਼ਰ ਕਰਨ ਵਾਲਿਆਂ ਦੇ ਸਫ਼ਰ ਵਿਚੱ ਆਸਾਨੀ ਪੈਦਾ ਕਰੇ ਅਤੇ ਸਭ ਹਿਫ਼ਾਜ਼ਤ ਨਾਲ ਇੱਥੇ ਪਹੁੰਚਣ ਅਤੇ ਜਲਸੇ ਦੇ ਉਦੇਸ਼ ਤੋਂ ਹਕੀਕੀ ਲਾਭ ਚੁਕੱਣ ਵਾਲੇ ਹੋਣ। ਇੰਞ ਹੀ ਯੂ.ਕੇ ਵਿਚੱ ਰਹਿਣ ਵਾਲੇ ਵੀ ਹਕੀਕੀ ਰੂਹ ਅਤੇ ਜਜ਼ਬੇ ਨਾਲ ਜਲਸੇ ਵਿਚੱ ਸ਼ਾਮਿਲ ਹੋਣ ਅਤੇ ਕੇਵਲ ਇਹ ਗਲੱ ਨਜ਼ਰ ਵਿਚੱ ਹੋਵੇ ਕਿ ਅਸੀਂ ਜਲਸੇ ਦੇ ਦਿਨਾਂ ਵਿਚੱ ਰੂਹਾਨੀ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਹੈ।

ਫ਼ਿਰ ਹਜ਼ੂਰੇ ਅਨਵਰ ਨੇ ਜਲਸੇ ਵਿਚੱ ਸ਼ਾਮਿਲ ਹੋਣ ਵਾਲੇ ਹਰ ਮਹਿਮਾਨ ਦੀ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨ ਸਮਝ ਕੇ, ਸੇਵਾ ਕਰਨ ਬਾਰੇ ਜਲਸੇ ਦੀਆ ਡਿਊਟੀਆਂ ਉੱਤੇ ਤੈਨਾਤ ਸੇਵਾਦਾਰਾਂ ਦੇ, ਵੱਖੋ ਵਖੱ ਵਿਭਾਗਾਂ ਦੇ ਅਤੇ ਸ਼ਾਮਿਲ ਹੋਣ ਵਾਲਿਆਂ ਦੇ ਕਰਤੱਵ ਅਤੇ ਸੇਵਾਵਾਂ ਬਾਰੇ ਸੰਖੇਪ ਨਸੀਹਤਾਂ ਕੀਤੀਆਂ। ਅੰਤ ਉੱਤੇ ਆਦੇਸ਼ ਦਿੱਤਾ ਕਿ ਹਰ ਇਕੱ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਇਸ ਹਦਾਯਤ ਉੱਤੇ ਅਮਲ ਕਰਦੇ ਰਹਿਣਾ ਚਾਹੀਦਾ ਹੈ ਕਿ ਸਦਾ ਮੁਸਕਰਾਉਂਦੇ ਰਹੋ। ਰਬੱ ਕਰੇ ਕਿ ਸਾਰੇ ਸੇਵਾਦਾਰ ਸੁਚਾਰੂ ਢੰਗ ਨਾਲ ਆਪਣੇ ਕਰਤਵੱ ਪੂਰੇ ਕਰਨ ਵਾਲੇ ਹੋਣ ਅਤੇ ਜਲਸਾ ਹਰ ਪ੍ਰਕਾਰ ਨਾਲ ਬਰਕਤਾਂ ਵਾਲਾ ਹੋਵੇ। ਖ਼ਾਸ ਤੌਰ ਉੱਤੇ ਹਰ ਅਹਮਦੀ ਨੂੰ ਇਸ ਜਲਸੇ ਦੀ ਕਾਮਯਾਬੀ ਲਈ ਦੂਆਵਾਂ ਕਰਦੇ ਰਹਿਣਾ ਚਾਹੀਦਾ ਹੈ। ਰਬੱ ਸਾਨੂੰ ਸਭ ਨੂੰ ਇਸ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔